StudentBounty.com

नामांक Roll No.

No. of Questions — 15

No. of Printed Pages — 3

**S—75—Punjabi (T.L.)**

## SECONDARY EXAMINATION, 2011

## PUNJABI

## ( THIRD LANGUAGE )

**Time : 3 $\frac{1}{4}$ Hours** **Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।

StudentBounty.com



1. ਹੇਠ ਲਿਖੇ ਕਾਵਿ-ਬੰਦਾ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- 2 + 3 + 1 = 6

(ੳ) ਅਕਬਰ ਜਿਹਾਂ ਆ ਐਥੇ ਨਿਆਂ ਕੀਤੇ,
ਚਿਸ਼ਤੀ ਜਿਹੇ ਭੀ ਵਲੀ ਹਜ਼ਾਰ ਆਏ।
ਤੇਰੀ ਸੋਹਣੀ ਸੁਹਾਵਣੀ ਭੋਇੰ ਉੱਤੇ,
ਗੁਰੂ, ਪੀਰ, ਪੈਗੰਬਰ, ਅਵਤਾਰ ਆਏ।

**ਜਾਂ**

(ਅ) ਸ਼ਰਨ 'ਚ ਬੈਠੇ ਰਾਜ ਸਮੇਂ ਦੇ,
ਚਰਨੀਂ ਬੈਠੀ ਸੁੰਦਰਤਾ ਸੀ।
ਨਾਮ ਅਨੰਤ-ਡੰਗੋਰੀ ਬਣਿਆ,
ਇਸ ਦੁਨੀਆਂ ਦੇ ਅੰਨ੍ਹੇਪਣ ਲਈ।

2. ਮਾਂ ਕਵਿਤਾ ਦਾ ਸਾਰ ਲਿਖੋ। 5

3. ਭੂਆ ਲੇਡਣ ਦੇ ਵਿਹੜੇ ਦੀ ਕਿਹੜੀ-ਕਿਹੜੀ ਸਿਫ਼ਤ ਕੀਤੀ ਗਈ ਹੈ? 5

4. ਖਾਲੀ ਥਾਵਾਂ ਭਰੋ :- 4

(ੳ) ਮਿੱਟੀ ਨੂੰ ਬਣਾਇਆ ਸੋਨਾ ਕਿਵੇਂ ਖੋਰ-ਪੋਰ ਨੀ ...............।

(ਅ) ਲੈ ਕੇ ਦਰਦ ਪਰਾਇਆ ਜਿਸ ਨੇ ...............।

(ੲ) ਸੜਦੀ ਹੋਈ ਧਰਤ ਦੇ ਸੀਨੇ ਠੰਡ ਪਾਈ ...............।

(ਸ) ਅੱਗ ਲਾਉਣ ਕੋਈ ਤੇਰੇ ਗਿੱਧਿਆਂ ਨੂੰ ਆ ਗਿਆ ..................।

5. ਕਿਹੜੇ ਖਿਆਲਾਂ ਨੇ ਰਾਣੀ ਸਾਹਿਬ ਕੌਰ ਨੂੰ ਟਿਕ ਕੇ ਨਾ ਬੈਠਣ ਦਿੱਤਾ ? 4

6. ਕੰਨਿਆ ਕੁਮਾਰੀ ਵਿਖੇ ਸੂਰਜ ਡੁੱਬਣ ਦਾ ਨਜ਼ਾਰਾ ਕਿਸ ਤਰ੍ਹਾਂ ਦਾ ਹੁੰਦਾ ਹੈ ? 4

7. ਉਜ਼ੋਨ ਕੀ ਹੈ ਅਤੇ ਇਸ ਦਾ ਸਾਨੂੰ ਕੀ ਲਾਭ ਹੈ ? 4

8. ਗੱਪ-ਬਾਜ਼ ਦਾ ਵਡੇਰਾ ਕਿਸ ਨੂੰ ਮੰਨਿਆ ਜਾਂਦਾ ਹੈ ? 4

9. ਖਾਲੀ ਥਾਵਾਂ ਭਰੋ :- 5

(ੳ) ਅਸਲ ਵਿੱਚ ਮਗਰਮੱਛ ............... ਵਾਲੇ ਜੀਵਾਂ ਦੇ ਖ਼ਾਨਦਾਨ ਵਿੱਚੋਂ ਹਨ।

(ਅ) ਹਰ ਰੋਜ਼ ਦੀ ਸੈਰ ਤੇ ............... ਨਾਲ਼ ਕੰਵਲਨੈਣ ਦੀ ਸਿਹਤ ਚੰਗੀ ਹੋ ਗਈ ।

(ਡ) ਭੰਗੜੇ ਦਾ ਸੰਬੰਧ ਪੰਜਾਬ ਵਿੱਚ ਪੱਕੀਆਂ...............ਦੀ ਰੁੱਤ ਨਾਲ਼ ਹੈ।

(ਗ) .................. ਈ: ਵਿੱਚ ਬੈਟਰੀ ਨਾਲ਼ ਚੱਲਣ ਵਾਲ਼ੇ ਕਲਾਕ ਦੀ ਕਾਢ ਕੱਢੀ ਗਈ।

(ਹ) ਮੀਆਂ ਮੀਰ ਜੀ .............. ਨੂੰ ਬਹੁਤ ਪਸੰਦ ਕਰਦੇ ਸਨ।

StudentBounty.com



10. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :- ½ × 8 = 4

ਰੌਣਕ, ਦ੍ਰਿਸ਼, ਵਡਿਆਈ, ਪ੍ਰਣਾਮ, ਸ਼ੀਤਲ, ਸੁਹਾਗਣਾਂ, ਤਰੱਕੀ, ਬੂਹਾ।

11. ਹੇਠ ਲਿਖਿਆਂ ਵਿੱਚੋ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ :- 8

(ੳ) ਗੁਰੂ ਨਾਨਕ ਦੇਵ ਜੀ (ਅ) ਮਹਿੰਗਾਈ (ੲ) ਕਿਸੇ ਮੇਲੇ ਦਾ ਵਰਣਨ।

12. ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਜ਼ੁਰਮਾਨਾ ਮੁਆਫ਼ ਕਰਾਉਣ ਲਈ ਬਿਨੈ ਪੱਤਰ ਲਿਖੋ। 7

**ਜਾਂ**

ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।

13. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :- 4

(ੳ) ਬੇੜਾ ਪਾਰ ਕਰਨਾ (ਅ) ਜ਼ਮੀਨ ਅਸਮਾਨ ਇੱਕ ਕਰਨਾ

(ੲ) ਅੱਜ ਕੱਲ ਕਰਨਾ (ਸ) ਉੱਲੂ ਬਣਾਉਣਾ ।

14. (1) ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :- 1 × 2 = 2

(ੳ) ਕਿੰਨੀ ਮਨੋਹਰ ਕਿੰਨੀ ਸੋਹਣੀ ਸਵੇਰ ਹੈ

(2) ਤੁਸੀਂ ਇਸ ਨੂੰ ਕੁੱਝ ਨਾ ਕਹੋ ਮੈਂ ਇਸ ਨੂੰ ਸਮਝਾਉਂਦੀ ਹਾਂ

(ਅ) ਲਿੰਗ ਬਦਲੋ :- ਪਹਾੜ, ਰਾਜਾ, ਨਵਾਬ, ਮਾਮਾ। ½ × 4 = 2

(ੲ) ਵਚਨ ਬਦਲੋ :- ਰਾਤ, ਮਿੱਤਰ, ਵਸਤੂ, ਗਊ। ½ × 4 = 2

(ਸ) ਵਿਰੋਧੀ ਸ਼ਬਦ ਲਿਖੋ :- ਘਾਟਾ, ਚੰਗਾ, ਉੱਦਮੀ, ਹਨੇਰਾ। ½ × 4 = 2

(ਹ) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- ½ × 4 = 2

1. ਜਿਸ ਨੂੰ ਰੱਬ 'ਤੇ ਵਿਸ਼ਵਾਸ਼ ਨਾ ਹੋਵੇ।
2. ਫਿਰ-ਤੁਰ ਕੇ ਚੀਜ਼ਾਂ ਵੇਚਣ ਵਾਲ਼ਾ।
3. ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ।
4. ਕਹਾਣੀ ਲਿਖਣ ਵਾਲ਼ਾ।

15. ਨਾਂਵ ਦੀ ਪਰਿਭਾਸ਼ਾ ਤੇ ਭੇਦਾਂ ਦਾ ਵਰਣਨ ਕਰੋ। 6

ਜਾਂ

ਵਿਸ਼ੇਸ਼ਣ ਦੀ ਪਰਿਭਾਸ਼ਾ ਅਤੇ ਭੇਦਾਂ ਦਾ ਵਰਣਨ ਕਰੋ।